**Series SGN**

**SET-4**

ਕੋਡ ਨੰ. **223**

ਰੋਲ ਨੰਬਰ | | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰੋ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **5** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **25** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।

- Please check that this question paper contains **5** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **25** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਸਮਾਜਸ਼ਾਸਤ੍ਰ

## (ਪੰਜਾਬੀ ਉਲਥਾ)

# SOCIOLOGY

## (Punjabi Version)

*ਸਮਾਂ ਸੀਮਾ : 3 ਘੰਟੇ* *ਪੂਰਨ ਅੰਕ : 80*

*Time allowed : 3 hours* *Maximum Marks : 80*

**ਵਿਆਪਕ ਨਿਰਦੇਸ਼ :**

*(i)* *ਪ੍ਰਸ਼ਨਾਂ ਦੀ ਕੁਲ ਸੰਖਿਆ* ***25*** *ਹੈ ।*

*(ii)* ***ਸਾਰੇ*** *ਪ੍ਰਸ਼ਨ* ***ਜ਼ਰੂਰੀ*** *ਹਨ ।*

*(iii)* *ਪ੍ਰਸ਼ਨ ਸੰਖਿਆ* ***1 – 14*** *ਤਕ ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ* ***2*** *ਅੰਕ ਹਨ । ਇਨ੍ਹਾਂ ਚੌਂ ਹਰ ਪ੍ਰਸ਼ਨ ਦਾ ਉੱਤਰ* ***30*** *ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹੀਦਾ ।*

*(iv)* *ਪ੍ਰਸ਼ਨ ਸੰਖਿਆ* ***15 – 21*** *ਤਕ ਲੰਬੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ* ***4*** *ਅੰਕ ਹਨ । ਇਨ੍ਹਾਂ ਚੌਂ ਹਰ ਪ੍ਰਸ਼ਨ ਦਾ ਉੱਤਰ* ***80*** *ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹੀਦਾ ।*

*(v)* *ਪ੍ਰਸ਼ਨ ਸੰਖਿਆ* ***22 – 25*** *ਤਕ ਬਹੁਤ ਲੰਬੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ* ***6*** *ਅੰਕ ਹਨ । ਇਨ੍ਹਾਂ ਚੌਂ ਹਰ ਪ੍ਰਸ਼ਨ ਦਾ ਉੱਤਰ* ***200*** *ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹੀਦਾ । ਪ੍ਰਸ਼ਨ ਸੰਖਿਆ* ***25*** *ਦਾ ਉੱਤਰ ਦਿੱਤੇ ਹੋਏ ਪੈਰੇ ਦੇ ਆਧਾਰ ਤੇ ਦੇਣਾ ਹੈ ।*

**1.** ਆਧੁਨਿਕੀਕਰਣ ਦੇ ਕੀ ਅਰਥ ਹਨ ? *2*

**2.** ਮਾਰਕਸ ਰਾਹੀਂ ਦੱਸੀ ਗਈ ਅਲਗਾਵ ਦੀ ਸਥਿਤੀ ਕੀ ਹੁੰਦੀ ਹੈ ? *2*

**3.** ਜਨਸੰਪਰਕ ਸਾਧਨ (ਮਾਸ ਮੀਡਿਯਾ) ਜਨ ਸੰਚਾਰ ਤੋਂ ਕਿਵੇਂ ਵਖ ਹੁੰਦੇ ਹਨ ? *1+1=2*

**4.** ਪਰੰਪਰਾਗਤ ਵਪਾਰਕ ਸਮੁਦਾਇਆਂ (ਭਾਈਚਾਰਿਆਂ) ਵਿਚ ਜਾਤੀ ਦੇ ਅਧਾਰ ਤੇ ਵਿਸ਼ੇਸਗਤਾ ਦੇ ਕਾਰਨ ਦੱਸੋ । *2*

**5.** ਉਹ ਕਿਹੜਾ ਮੂਲਕ ਸਿਧਾਂਤ ਹੈ ਜੋ ਰਾਸ਼ਟਰਵਾਦ ਅਪਨਾਉਂਦਾ ਹੈ ? *2*

**6.** ਦਬਾਵ ਸਮੂਹ ਕੀ ਹੁੰਦੇ ਹਨ ? *2*

**7.** ਨਾਗਰਿਕ ਸਮਾਜ ਸ਼ਬਦ ਤੋਂ ਤੁਸੀਂ ਕੀ ਸਮਝਦੇ ਹੋ ? *2*

**8.** ਭਾਰਤ ਦੀ ਅਰਧ ਸੰਘੀ ਸੰਰਚਨਾ (ਬਣਤਰ) ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਦੱਸੋ । *1+1=2*

9. ਭਾਸ਼ਾ ਦੇ ਅਧਾਰ ਤੇ ਜਨਜਾਤੀਆਂ ਦਾ ਵਰਗੀਕਰਣ ਕਰੋ । *2*

10. ਵਰਣ ਅਤੇ ਜਾਤੀ ਵਿਚ ਅੰਤਰ ਸਪਸ਼ਟ ਕਰੋ । *1+1=2*

11. ਜਨਜਾਤੀਯਤਾ ਵਾਦ ਕੀ ਹੈ ? *2*

12. ਪਖਪਾਤ ਕਿਵੇਂ ਸਮਾਜ ਵਿਚ ਸਾਡੇ ਵਿਹਾਰ ਨੂੰ ਪ੍ਰਭਾਵਿਤ ਕਰਦਾ ਹੈ ? *2*

13. ਦਲਿਤ ਸ਼ਬਦ ਦੀ ਸਾਰਥਕਤਾ ਕੀ ਹੈ ? *2*

14. ਸਮਾਜਕ ਦਰਜਾਬੰਦੀ ਕਿਵੇ ਵਿਅਕਤੀਆ ਦੇ ਵਿਚਲੇ ਵਖੇਵੇ ਦਾ ਕੰਮ ਹੀ ਨਹੀਂ ਬਲਕਿ ਸਮਾਜ ਦੀ ਇਕ ਵਿਸ਼ੇਸ਼ਤਾ ਹੈ ? *2*

15. "ਉਨ੍ਹੀਂਵੀਂ ਸਦੀ ਵਿਚ ਹੋਏ ਸਮਾਜ ਸੁਧਾਰਕ ਅਜੋਕੇ ਸੰਦਰਭ ਅਤੇ ਮਿਸ਼ਰਤ ਵਿਚਾਰਾਂ ਨਾਲ ਜੁੜੇ ਸਨ ।" ਵਿਆਖਿਆ ਕਰੋ । *4*

**ਜਾਂ**

ਭਾਰਤ ਵਿਚ ਸਭਿਆਚਾਰਕ ਪਰਿਵਰਤਨ ਦੀ ਪ੍ਰਕਿਰਿਆ ਦੇ ਰੂਪ ਵਿਚ ਪੱਛਮੀਕਰਨ ਦੀ ਵਿਆਖਿਆ ਕਰੋ ।

16. 'ਆਜ਼ਾਦੀ ਤੋਂ ਪਿੱਛੋਂ ਸਰਕਾਰ ਨੇ ਅਰਥਵਿਵਸਥਾ ਦੀ ਪ੍ਰਭਾਵਸ਼ਾਲੀ (ਕਮਾਂਡਿੰਗ) ਉਚਾਈ ਤੇ ਕਬਜ਼ਾ ਕਰ ਲਿਆ ।' ਇਸ ਫੈਸਲੇ ਦੇ ਲਈ ਕਾਰਨ ਦੱਸੋ । *4*

17. ਪੇਂਡੂ ਅਤੇ ਸ਼ਹਿਰੀ ਖੇਤਰਾਂ ਦੇ ਵਿਚਲੀ ਦੂਰੀ ਨੂੰ ਘਟਾਣ ਵਿਚ ਜਨਸੰਪਰਕ (ਮਾਸ ਮੀਡਿਆ) ਸਾਧਨ ਕਿਵੇਂ ਜੁੰਮੇਵਾਰ ਹਨ ? *2+2=4*

**ਜਾਂ**

ਆਜ਼ਾਦੀ ਤੋਂ ਪਿੱਛੋਂ ਭਾਰਤ ਵਿਚ ਪ੍ਰਿੰਟ ਮੀਡਿਆ ਦੇ ਵਿਕਾਸ ਦੀ ਵਿਆਖਿਆ ਕਰੋ ।

18. ਐਮ.ਐਸ.ਏ. ਰਾਵ ਰਾਹੀਂ ਕਿਤੇ ਗਏ ਨਗਰੀਕਰਣ ਦੇ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰੋ । *4*

19. ਇਕ ਸਮਾਜਕ ਵਿਵਸਥਾ ਦੇ ਰੂਪ ਵਿਚ ਪੂੰਜੀਵਾਦ ਦੀ ਵਿਆਖਿਆ ਕਰੋ । *4*

20. ਇਕ ਰਾਸ਼ਟਰ ਇਕ ਅਨੋਖੇ ਪ੍ਰਕਾਰ ਦਾ ਸਮਾਜਕ ਸਮੂਹ ਹੈ ਜਿਸਦਾ ਬਿਓਰਾ ਦੇਣਾ ਅਸਾਨ ਹੈ । ਪਰ ਜਿਸਨੂੰ ਪਰਿਭਾਸ਼ਤ ਕਰਨਾ ਮੁਸ਼ਕਿਲ ਹੈ । ਕਿਵੇਂ ? *4*

21. ਕੀ ਇਹ ਕਹਿਣਾ ਉਚਿਤ ਹੈ ਕਿ ਲੋਕਤੰਤਰੀ ਕੀਮਤਾਂ ਅਤੇ ਸੰਸਥਾਵਾਂ ਬਿਲਕੁਲ ਹੀ ਪੱਛਮੀ ਹਨ ? ਟਿੱਪਣੀ ਕਰੋ । *4*

22. ਕਿਸਾਨਾ ਵਲੋਂ ਆਤਮ ਹਤਿਆ ਕਰਨ ਦੀਆਂ ਘਟਨਾਵਾਂ ਦੇ ਲਈ ਕਿਰਸਾਣੀ–ਸਮਾਜ ਵਿਚ ਸੰਰਚਨਾਤਮਕ, ਸਭਿਆਚਾਰਕ ਅਤੇ ਸਮਾਜਕ ਘਟਨਾਵਾਂ ਨੂੰ ਜੁਮੇਵਾਰ ਠਹਿਰਾਇਆ ਜਾ ਸਕਦਾ ਹੈ । ਵਿਆਖਿਆ ਕਰੋ । *6*

23. ਭੂਮੰਡਲੀਕਰਣ ਸਭਿਆਚਾਰ ਉਪਰ ਕਿਵੇਂ ਪ੍ਰਭਾਵ ਪਾਂਦਾ ਹੈ ? *6*

**ਜਾਂ**

ਭੂਮੰਡਲੀਕਰਣ ਦੇ ਨਾਲ ਇਕ ਨਵੀਂ 'ਮਜ਼ਦੂਰੀ ਦੀ ਅੰਤਰਰਾਸ਼ਟਰੀ ਵੰਡ' (International division of labour) ਦਾ ਵੀ ਪ੍ਰਗਟਾਵਾ ਹੋਇਆ । ਢੁਕਵੀਆਂ ਉਦਾਹਰਣਾ ਦੇ ਕੇ ਵਿਆਖਿਆ ਕਰੋ ।

24. ਵਾਤਾਵਰਣਕ ਅੰਦੋਲਨ ਆਮਤੌਰ ਤੇ ਆਰਥਕ ਅਤੇ ਵਿਚਾਰਧਾਰਾ ਦੇ ਮੁਦਿਆਂ ਨੂੰ ਨਾਲ ਲੈ ਆਂਦੇ ਹਨ । ਵਿਆਖਿਆ ਕਰੋ । *6*

25. ਹੇਠ ਲਿੱਖੇ ਪੈਰੇ ਨੂੰ ਪੜ੍ਹੋ ਅਤੇ ਇਸ ਹੇਠ ਲਿੱਖੇ ਪ੍ਰਸ਼ਨਾਂ ਦੇ ਉੱਤਰ ਲਿੱਖੋ :

ਭਾਰਤ ਦੀ ਕੁਲ ਪ੍ਰਜਣਨ ਦਰ (TFR) ਅਰਥਾਤ ਇਸਤ੍ਰੀਆਂ ਦੀ ਪ੍ਰਜਣਨ ਯੋਗ ਉਮਰ ਦੇ ਦੌਰਾਨ ਜਨਮ ਲੈਣ ਵਾਲੇ ਬੱਚਿਆਂ ਦੀ ਔਸਤ ਗਿਣਤੀ ਵਿਚ ਪਿਛਲੇ ਦਹਾਕੇ ਵਿਚ 19% ਦੀ ਕਮੀ ਆਈ ਹੈ । ਵੱਡੇ ਰਾਜਾਂ ਵਿਚ ਇਸ ਪਿਛਲੇ ਦਹਾਕੇ ਦੇ ਦੌਰਾਨ ਕੁਲ ਪ੍ਰਜਣਨ ਦਰ ਵਿਚ ਆਈ ਗਿਰਾਵਟ ਪੰਜਾਬ ਵਿਚ 28% ਤੋਂ ਲੈਕੇ ਕੇਰਲ ਵਿਚ 5·6% ਤਕ ਸੀ । 2000-2010 ਵਿਚ ਮਹਾਰਾਸ਼ਟਰ ਵਿਚ 26·9% ਦੂਸਰੀ ਸਭ ਤੋਂ ਵੱਡੀ ਕਮੀ ਦੇਖੀ ਗਈ ਅਤੇ ਉਸ ਦੇ ਪਿਛੇ ਹਰਿਆਣਾ ਅਤੇ ਆਂਧਰ ਪ੍ਰਦੇਸ਼ (25%), ਉੱਤਰ ਪ੍ਰਦੇਸ਼ (23%),

ਰਾਜਸਥਾਨ (22%), ਹਿਮਾਚਲ ਪ੍ਰਦੇਸ਼ ਅਤੇ ਪੱਛਮੀ ਬੰਗਾਲ (21%) । ਜਿਸਨੂੰ ਭਾਰਤ ਦੇ ਰਜਿਸਟਰਾਰ ਜਨਰਲ ਦੇ ਰਾਹੀਂ ਆਖਰੀ ਰੂਪ ਦਿੱਤਾ ਗਿਆ ਅਤੇ ਉਨ੍ਹਾਂ ਅੰਕੜਿਆਂ ਨੂੰ ਕੇਂਦਰੀ ਹੈਲਥ ਮਿਨਿਸਟਰੀ ਨੂੰ ਭੇਜਿਆ ਗਿਆ । ਆਖਰੀ ਸੈਮਪਲ ਰਜਿਸਟ੍ਰੇਸ਼ਨ ਸਿਸਟਮ 2010 ਦੇ ਅੰਕੜੇ ਦਰਸਾਂਦੇ ਹਨ ਕਿ ਭਾਰਤ ਦਾ TFR ਜੋ 2008 ਅਤੇ 2009 ਵਿਚ 2·6 ਤੇ ਸਥਿਰ ਰਿਹਾ ਵਿਚ ਅਖੀਰੀ 2010 ਵਿਚ 0·1 ਪਵਾਇੰਟ ਗਿਰਾਵਟ ਆਈ । ਭਾਰਤ ਦਾ TFR ਹੁਣ 2000 ਦੇ TFR 3·2 ਦੇ ਮੁਕਾਬਲੇ 2·5 ਤੇ ਸਥਿਤ ਹੈ । TFR ਨੂੰ ਨਿਰਧਾਰਤ ਕਰਨ ਲਈ ਸਿਖਿਆ ਦੀ ਭੂਮਿਕਾ ਮਹਤਵਪੂਰਨ ਦੇਖੀ ਗਈ । ਰਾਸ਼ਟਰੀ ਜਨਸੰਖਿਆ ਨੀਤੀ 2000 ਦੇ ਅਨੁਸਾਰ, 2010 ਤਕ ਭਾਰਤ ਦੀ ਪ੍ਰਜਣਨ ਦਰ 2·1 ਦੇ ਸਥਾਪਨ ਸਤਰ ਤੇ ਪਹੁੰਚ ਜਾਣੀ ਚਾਹੀਦੀ ਸੀ ਅਤੇ 2045 ਤਕ ਇਸਨੂੰ 145 ਕਰੋੜ ਦੀ ਜਨਸੰਖਿਆ ਸਥਿਰਤਾ ਨੂੰ ਪ੍ਰਾਪਤ ਕਰ ਲੈਣਾ ਚਾਹੀਦਾ ਹੈ । ਜਦੋਂ ਜਨਸੰਖਿਆ ਦੇ ਆਕਾਰ ਵਿਚ ਕੋਈ ਬਦਲਾਵ ਨਾ ਆਏ ਉਸਨੂੰ ਜਨਸੰਖਿਆ ਸਥਿਰਤਾ ਕਿਹਾ ਜਾਂਦਾ ਹੈ । ਇਸਨੂੰ ਸਿਫਰ ਜਨਸੰਖਿਆ ਵਾਧੇ ਦੀ ਅਵਸਥਾ ਵੀ ਕਿਹਾ ਜਾਂਦਾ ਹੈ । ਫਿਰ ਵੀ ਹੁਣ ਭਾਰਤ 2060 ਤਕ 165 ਕਰੋੜ ਤੇ ਜਨਸੰਖਿਆ ਦੀ ਸਥਿਰਤਾ TFR 2·1 ਤੇ ਪਹੁੰਚ ਜਾਣ ਦੀ ਉਮੀਦ ਕਰਦਾ ਹੈ ।

(a) ਸਿਫਰ ਜਨਸੰਖਿਆ ਵਾਧਾ ਦੇ ਕੀ ਅਰਥ ਹਨ ? *4*

(b) ਪ੍ਰਜਣਨ ਦਰ ਦਾ ਕੀ ਅਰਥ ਹੈ ? ਦੋ ਰਾਜਾਂ ਦੇ ਨਾਮ ਲਿੱਖੋ ਜਿਨ੍ਹਾਂ ਵਿਚ TFR ਦੀ 2000-2010 ਵਿਚ ਸਭਨਾਂ ਤੋਂ ਵਧੇਰੇ ਪ੍ਰਤਿਸ਼ਤ ਗਿਰਾਵਟ ਦੇਖੀ ਗਈ ਹੈ ? *2*